This question paper contains 2 printed pages.

Your Roll No. ..............................

Sl. No. of Ques. Paper : 4475 **HC**

Unique Paper Code : **12121201**

Name of Paper : **Punjabi Sufi Poetry**

Name of Course : **B.A. (Hons.) Punjabi CBCS**

Semester : **II**

Duration : **3 hours**

Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਸੂਫ਼ੀ ਮੱਤ ਦੀ ਪਰਿਭਾਸ਼ਾ ਦੱਸਦੇ ਹੋਏ, ਉਸਦੇ ਸਰੂਪ ਬਾਰੇ ਚਰਚਾ ਕਰੋ। 15

ਜਾਂ

ਸੂਫ਼ੀ ਮੱਤ ਦੇ ਮੂਲ ਸੰਕਲਪਾਂ ਬਾਰੇ ਚਰਚਾ ਕਰੋ।

2. ਸੁਲਤਾਨ ਬਾਹੂ ਦੀ ਜੀਵਨੀ ਤੇ ਰਚਨਾਵਾਂ ਬਾਰੇ ਜਾਣਕਾਰੀ ਦਿਓ। 10

ਜਾਂ

ਸੂਫ਼ੀ ਮੱਤ ਦੇ ਪ੍ਰਮੁੱਖ ਪੜਾਵਾਂ ਬਾਰੇ ਦੱਸੋ।

3. ਬਾਬਾ ਫ਼ਰੀਦ ਦੀ ਬਾਣੀ ਸੰਸਾਰ ਦੀ ਨਾਸ਼ਮਾਨਤਾ ਬਾਰੇ ਗੱਲ ਕਰਦੀ ਹੈ, ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਉੱਤਰ ਦਲੀਲਾਂ ਸਹਿਤ ਲਿਖੋ। 15

ਜਾਂ

ਬਾਬਾ ਫ਼ਰੀਦ ਦੀ ਬਾਣੀ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਲਿਖੋ।

4. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

ੳ) "ਫ਼ਰੀਦਾ ਰੋਟੀ ਮੇਰੀ ਕਾਠ ਦੀ ਲਾਵਣ ਮੇਰੀ ਭੁਖ
ਜਿਨ ਖਾਧੀ ਚੋਪੜੀ ਘਣੇ ਸਹਿਣਗੇ ਦੁਖ
ਰੁੱਖੀ ਸੁੱਖੀ ਖਾਇ ਕੈ ਠੰਡਾ ਪਾਣੀ ਪੀਉ
ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।"

P. T. O.

ਜਾਂ

"ਫਰੀਦਾ ਗਲੀਏ ਚਿਕੜ ਦੂਰਿ ਘਰ ਨਾਲਿ ਪਿਆਰੈ ਨੇਹੁ
ਚਲਾ ਤ ਭਿਜੈ ਕੰਬਲੀ ਰਹਾਂ ਤੁਟੈ ਨੇਹੁ
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ
ਜਾਇ ਮਿਲਾ ਤਿਨਾ ਸੱਜਣਾ ਤੁਟਉ ਨਾਹੀ ਨੇਹੁ।"

5. 'ਸੁਲਤਾਨ ਬਾਹੂ' ਦੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਦੱਸੋ।

ਜਾਂ

ਸ਼ੀਹਰਫੀਆਂ ਸੁਲਤਾਨ ਬਾਹੂ ਵਿਚ ਪੇਸ਼ ਕਵੀ ਦੀ ਵਿਚਾਰਧਾਰਾ ਬਾਰੇ ਚਰਚਾ ਕਰੋ।

6. ਹੇਠਾਂ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

"ਅਲਫ-ਅੱਲਾ ਚੰਬੇ ਦੀ ਬੂਟੀ ਮੁਰਸ਼ਦ ਮਨ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲਿਆ ਹਰ ਜਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ ਜਾਂ ਫੁੱਲਣ ਪਰ ਆਈ ਹੂ।
ਜੀਵੈ ਮੁਰਸ਼ਦ ਕਾਮਲ ਬਾਹੂ ਜਿਸ ਇਹ ਬੂਟੀ ਲਾਈ ਹੂ।"

ਜਾਂ

"ਹੋ ਹਾਫਜ਼ ਪੜ੍ਹ ਕੇ ਕਰਨ ਤਕੱਬਰ ਮੁਲਾਂ ਕਰਨ ਵਡਿਆਈ ਹੂ।
ਸਾਵਣ ਮਾਹ ਦੇ ਬੱਦਲਾਂ ਵਾਂਗੂ ਵੱਤਨ ਕਿਤਾਬਾਂ ਚਾਈ ਹੂ।
ਜਿਥੇ ਵੇਖਣ ਚੰਗਾ ਚੋਖਾ ਉਥੇ ਪੜ੍ਹਨ ਕਲਾਮ ਸਵਾਈ ਹੂ।
ਦੋਹੀਂ ਜਹਾਨੀ ਮੁੱਠੇ ਬਾਹੂ ਜਿਨ੍ਹਾਂ ਖਾਧੀ ਵੇਚ ਕਮਾਈ ਹੂ।"